– ਜੀਵਨ ਕਹਾਣੀ –

# ਪੰਡਤ ਜਵਾਹਰ ਲਾਲ ਨਹਿਰੂ

G.722

ਗੁਰਚਰਨ 'ਸਹਿਤੀ'

ਨੈਸ਼ਨਲ ਬੁਕ ਸ਼ਾਪ
ਨਿਸਬਤ ਰੋਡ

ਲਾਹੌਰ

ਸਿੰਘ ਬ੍ਰਦਰਜ਼
ਅਨਾਰਕਲੀ

ਸਦਾ ਲਈ ਛਾਪਣ ਦੇ ਹਕ ਨੈਸ਼ਨਲ ਬੁਕ ਸ਼ਾਪ ਲਾਹੌਰ ਦੇ ਰਾਖਵੇਂ ਹਨ।

31580

## ਪੜ੍ਹਨ ਯੋਗ—

**ਇਤਿਹਾਸ ਆਜ਼ਾਦ ਹਿੰਦ ਫ਼ੌਜ**—ਨੇਤਾ ਜੀ ਸੁਭਾਸ਼ ਚੰਦਰ ਬੋਸ, ਤੇ ਇਟਲੀ ਜਰਮਨੀ ਅਰ ਬਰਮਾ ਦੇ ਮੁਹਾਜ਼ਾਂ ਤੇ ਬਣਾਈ ਗਈ ਆਜ਼ਾਦ ਹਿੰਦ ਫ਼ੌਜ ਦੀ ਖ਼ੂਨੀ ਕਹਾਣੀ।

**ਮਹਾਰਾਜਾ ਦਲੀਪ ਸਿੰਘ**—ਸ਼ੇਰਿ ਪੰਜਾਬ ਦੇ ਪਿਛੋਂ ਸਿਖ ਰਾਜ ਤੇ ਜੋ ਮੁਸੀਬਤਾਂ ਆਈਆਂ, ਮਹਾਰਾਣੀ ਜਿੰਦਾਂ ਤੇ ਨਾਬਾਲਗ਼ ਕੰਵਰ ਦਲੀਪ ਸਿੰਘ ਨਾਲ ਜੋ ਬੀਤੀ, ਉਹ ਲੂੰ ਕੰਡੇ ਖੜੇ ਕਰ ਦੇਣ ਵਾਲੀ ਬੜੀ ਦਿਲਚਸਪ ਕਹਾਣੀ।

**ਪਰਵਾਨੇ**— ਸੰਸਾਰ ਭਰ ਦੇ ਚੋਣਵੇਂ ਦੇਸ਼ ਭਗਤਾਂ ਦੇ ਜੀਵਨ – ਜਿਨ੍ਹਾਂ ਨੇ ਕੌਮਾਂ ਤੇ ਮੁਲਕਾਂ ਦੀ ਅਜ਼ਾਦੀ ਖ਼ਾਤਰ ਆਪਣੀ ਜਾਨ ਦੇ ਦਿਤੀ

**ਸ਼ਹੀਦ ਦੇਵੀ**— (ਜੋਨ ਆਫ਼ ਆਰਕ) ਉਹ ਬਹਾਦਰ ਕੁੜੀ ਜਿਹੜੀ ਆਪਣੇ ਦੇਸ਼ ਦੀ ਆਜ਼ਾਦੀ ਖ਼ਾਤਰ ਦੁਸ਼ਮਣ ਹਥੋਂ ਜ਼ਿੰਦਾ ਸੜ ਮਰੀ)।

**ਮਾਂਗਵੇਂ ਖੰਭ**—ਸੰਸਾਰ ਪ੍ਰਸਿਧ ਲਿਖਾਰੀਆਂ ਦੀਆਂ ਚੋਣਵੀਆਂ ਕਹਾਣੀਆਂ ਦਾ ਪੰਜਾਬੀ ਅਨੁਵਾਦ।

**ਫ਼ਰਾਂਸ ਦੀ ਕਹਾਣੀ**- ਫ਼ਰਾਂਸੀਸੀ ਇਨਕਲਾਬੀ ਕਹਾਣੀ ਲੇਖਕਾਂ ਦੀਆਂ ਕਹਾਣੀਆਂ।

**ਮਹਾਰਾਣੀ ਚੰਦ ਕੌਰ**- ਸਿਖ ਇਤਿਹਾਸ ਦੀ ਦਰਦਨਾਕ ਕਹਾਣੀ, ਜਿਸ ਨੂੰ ਪੜ੍ਹ ਕੇ ਪੱਥਰ-ਦਿਲ ਵੀ ਰੋ ਉਠੇ ਹਨ।

**ਸਿਖ ਇਤਹਾਸਕ ਲੈਕਚਰ**— ਬੰਦਾ ਸਿੰਘ ਬਹਾਦਰ, ਬਾਰ੍ਹਾਂ ਮਿਸਲਾਂ, ਸਿਖ ਰਾਜ ਤੇ ਪਿਛੋਂ ਨਾਮਧਾਰੀ ਲਹਿਰ ਆਦਿ ਦੇ ਹਾਲਾਤ ਪੜ੍ਹੋ।

---

ਪ੍ਰਿੰਟਰ—ਸ: ਅਮਰ ਸਿੰਘ
ਮਾਡਲ ਇਲੈਕਟ੍ਰਿਕ ਪ੍ਰੈਸ, ੧੩, ਮੈਕਲੇਗਨ ਰੋਡ, ਲਾਹੌਰ

ਸਿਰਫ਼ ਇਸ ਐਡੀਸ਼ਨ ਦੇ ਪਬਲਿਸ਼ਰਜ਼—
ਸ: ਹਰਚਰਨ ਸਿੰਘ, ਮਾਡਲ ਪ੍ਰੈਸ, ਲਾਹੌਰ

# ਮੁਖ ਬੰਦ

ਇਕ ਅਮ੍ਰੀਕਨ ਲਿਖਾਰੀ ਨੇ ਬਿਲਕੁਲ ਠੀਕ ਲਿਖਿਆ ਹੈ, ਕਿ "ਜਵਾਹਰ ਲਾਲ ਨਹਿਰੂ ਇਸ ਸਮੇਂ ਦੁਨੀਆਂ ਭਰ ਵਿਚ ਸਭ ਤੋਂ ਵਡਾ ਜਮਹੂਰੀਅਤ-ਪਸੰਦ ਹੈ। ਚਰਚਿਲ, ਰੋਜ਼ਵੈਲਟ ਤੇ ਚਿਆਂਗ ਕਾਈ ਸ਼ੈਕ ਦਾ ਤਾਂ ਕਹਿਣਾ ਹੀ ਕੀ, ਗਾਂਧੀ ਜੀ ਤਕ ਵੀ ਉਸ ਜਿਡੀ ਮਜ਼ਬੂਤੀ ਨਾਲ ਲੋਕ-ਰਾਜ ਲਈ ਨਹੀਂ ਖੜੋ ਸਕਦੇ ...।"

ਜਵਾਹਰ ਲਾਲ ਦੁਨੀਆਂ ਦੇ ਸਾਰੇ ਮੌਜੂਦਾ ਵਡੇ ਲੀਡਰਾਂ ਨਾਲੋਂ ਆਪਣੀ ਇਕ ਵਖਰੀ ਹੀ ਪੋਜ਼ੀਸ਼ਨ ਰਖਦਾ ਹੈ। ਉਹ ਬੜਾ ਬਹਾਦਰ, ਨਿਡਰ ਤੇ ਬੇ-ਖ਼ੌਫ਼ ਹੈ,ਅਰ ਆਪਣੀ ਰਾਇ ਦਾ ਸਾਫ਼ ਸਾਫ਼ ਇਜ਼ਹਾਰ ਦੁਨੀਆਂ ਭਰ ਦੀ ਮੁਖ਼ਾਲਫ਼ਤ ਦੇ ਬਾਵਜੂਦ ਕਰਨੋਂ ਨਹੀਂ ਝਿਜਕਦਾ, ਪਰ ਜਦ ਉਸਦੀ ਜਥੇਬੰਦੀ ਆਪਣੀ ਬਹੁ-ਸੰਮਤੀ ਨਾਲ ਉਸਦੀ ਰਾਇ ਦੇ ਉਲਟ ਕੋਈ ਫ਼ੈਸਲਾ ਕਰ ਦੇਂਦੀ ਹੈ, ਤਾਂ ਉਹ ਉਸ ਫ਼ੈਸਲੇ ਨੂੰ ਸਿਰੇ ਚੜ੍ਹਾਣ ਲਈ, ਆਪਣੀ ਸਾਰੀ ਤਾਕਤ ਲਾ ਦੇਂਦਾ ਹੈ।

ਅਜ ਜਵਾਹਰ ਲਾਲ ਨੂੰ ਜਿੰਨੀ ਕੌਮਾਂਤਰੀ ਸ਼ੁਹਰਤ ਹਾਸਲ ਹੈ, ਇੰਨੀ ਕਦੇ ਕਿਸੇ ਹਿੰਦੁਸਤਾਨੀ ਦੇ ਤਾਂ ਕੀ, ਦੁਨੀਆਂ ਦੇ ਕਿਸੇ ਵੀ ਆਗੂ ਦੇ ਹਿਸੇ ਨਹੀਂ ਆਈ। ਕੁਦਰਤ ਨੇ ਉਸਦੀ ਸ਼ਖ਼ਸੀਅਤ ਵਿਚ ਤਿੰਨ ਵਡੇ ਗੁਣ ਇਕ-ਥਾਂ ਕਰ ਦਿਨੇ ਹਨ; ਉਹ ਜ਼ਬਰਦਸਤ ਸਪੀਕਰ, ਲੇਖਕ ਤੇ ਇਨਕਲਾਬੀ ਲੀਡਰ ਹੈ। ਉਹ ਦੁਨੀਆਂ ਦੇ ਹਰ ਹਿਸੇ ਤੇ ਸਤਕਾਰਿਆ ਤੇ ਪਿਆਰਿਆ ਜਾਂਦਾ ਹੈ। ਜੇ ਅਸੀ ਕਹਿ ਦਈਏ ਕਿ ਜਵਾਹਰ ਲਾਲ ਵੀਹਵੀਂ ਸਦੀ ਦਾ ਹੀਰੋ ਹੈ, ਤਾਂ ਇਸ ਵਿਚ ਰਤਾ ਮੁਬਾਲਗ਼ਾ ਨਹੀਂ ਹੋਵੇਗਾ।

ਜਵਾਹਹ ਲਾਲ ਗਾਂਧੀ ਜੀ ਨੂੰ ਆਪਣਾ ਰਾਜਸੀ ਗੁਰੂ ਮੰਨਦਾ ਹੈ, ਪਰ ਉਹ ਗਾਂਧੀ ਜੀ ਦੇ ਵਰਤਾਂ ਤੇ ਮੋਨ-ਬਰਤਾਂ ਪੁਰ ਖੁਲ੍ਹੀ ਡੁਲ੍ਹੀ ਨੁਕਤਾ ਚੀਨੀ ਕਰਦਾ ਹੈ। ਇਕ ਖ਼ਤ ਵਿਚ ਉਸਨੇ ਗਾਂਧੀ ਜੀ ਨੂੰ ਸਾਫ਼ ਲਿਖਿਆ, ਕਿ "ਜਿਨ੍ਹਾਂ ਗਲਾਂ ਦੀ ਮੈਨੂੰ ਆਪ ਸਮਝ ਨਹੀਂ, ਉਨ੍ਹਾਂ ਬਾਰੇ ਰਾਇ ਮੈਂ ਹੀ ਕੀ ਦੇ ਸਕਦਾ ਹਾਂ ?"

੧੯੪੨ ਵਿਚ ਚਰਚਿਲ ਗੌਰਮਿੰਟ ਨੇ ਹੋਰ ਕਾਂਗਰਸੀ ਆਗੂਆਂ ਦੇ ਨਾਲ ਹੀ ਜਵਾਹਰ ਲਾਲ ਨੂੰ ਵੀ ਜੇਲ੍ਹ ਦੀ ਚਾਰ ਦੀਵਾਰੀ ਅੰਦਰ ਬੰਦ ਕਰ ਦਿਤਾ। ਚਰਚਿਲ ਤੇ ਐਮਰੀ ਦਾ ਦਾਹਵਾ ਸੀ, ਕਿ ਕਾਂਗਰਸੀ ਲੀਡਰ ਆਪਣਾ ਰੈਜ਼ੂਲੇਸ਼ਨ ਵਾਪਸ ਲਏ ਬਿਨਾਂ ਜੇਹਲੋਂ ਬਾਹਰ ਕਦਮ ਨਹੀਂ ਰਖ ਸਕਦੇ। ਪਰ ਹੋਇਆ ਕੀ ? ਚਰਚਿਲ ਤੇ ਐਮਰੀ ਨੂੰ ਹਕੂਮਤ ਤੋਂ ਹੀ ਹਥ ਧੋਣੇ ਪਏ। ਉਨ੍ਹਾਂ ਦੋ ਹਿੰਦ ਵੈਰੀਆਂ ਦੀ ਥਾਂ ਇੰਗਲੈਂਡ ਦੀ ਲੇਬਰ ਪਾਰਟੀ ਨੇ ਹਕੂਮਤ ਦੀ ਵਾਗ ਡੋਰ ਸੰਭਾਲ ਲਈ। ਕਾਂਗਰਸ ਨੇ ੧੯੪੨ ਵਿਚ 'ਹਿੰਦੁਸਤਾਨ ਛੋੜ ਜਾਓ" ਦਾ ਨਾਹਰਾ ਲਾਇਆ ਸੀ, ਉਹ "ਏਸ਼ੀਆ ਛੋੜ ਦਿਓ" ਦੇ ਨਾਹਰੇ ਨਾਲ ਬਾਹਰ ਆ ਗਈ। ਅਗੇ ਤੋਂ ਇਰਾਦੇ ਵਿਚ ਮਜ਼ਬੂਤੀ ਤੇ ਵਧੇਰੇ ਉਤਸ਼ਾਹ ਨਾਲ ਜਵਾਹਰ ਲਾਲ ਤੇ ਉਸਦੇ ਸਾਥੀ ਮੁੜ ਉਸੇ ਜਦੋ-ਜਹਿਦ ਵਿਚ ਜੁਟ ਪਏ। ਜਵਾਹਰ ਲਾਲ ਨੇ ਜੇਹਲ ਦੇ ਦਰਵਾਜ਼ੇ ਖੁਲ੍ਹਦਿਆਂ ਸਾਰ ਆਪਣੇ ਪਹਿਲੇ ਬਿਆਨ ਵਿਚ ੧੯੪੨ ਦੇ ਸ਼ਹੀਦਾਂ, ਆਜ਼ਾਦੀ ਦੀ ਕੁਰਬਾਨਗਾਹ ਤੇ ਚੜ੍ਹੇ ਪਰਵਾਨਿਆਂ, ਜੇਹਲਾਂ ਦੀਆਂ ਸੀਖ਼ਾਂ



ਪਿਛੇ ਬੰਦ ਬੈਠੇ ਵਤਨ ਦੇ ਸ਼ੈਦਾਈਆਂ, ਅਰੁਨਾ ਆਸਫ਼ ਅਲੀਵਰਗੇ ਮਫ਼ਰੂਰਾਂ, ਤੇ ਆਜ਼ਾਦ ਹਿੰਦ ਫ਼ੌਜ ਦੇ ਬਹਾਦਰ ਅਫ਼ਸਰਾਂ ਅਰ ਸਿਪਾਹੀਆਂ ਨੂੰ ਮੁਬਾਰਕ-ਬਾਦ ਦਿਤੀ, ਤੇ ਸਰਕਾਰ ਨੂੰ ਜ਼ਬਰਦਸਤ ਤਾੜਨਾ ਕੀਤੀ, ਕਿ ਜੇ ਇਨ੍ਹਾਂ ਦੇਸ਼ ਭਗਤਾਂ ਨੂੰ ਕੋਈ ਤਕਲੀਫ਼ ਹੋ ਗਈ, ਤਾਂ ਇਸਦੀ ਸਾਰੀ ਜ਼ਿਮੇਵਾਰੀ ਸਰਕਾਰ ਦੇ ਸਿਰ ਆਵੇਗੀ।

ਚਰਚਿਲ ਦੀ ਹਕੂਮਤ ਨੇ ੧੯੪੨ ਦੀ ਲਹਿਰ ਵਿਚ ਕਾਂਗਰਸ ਤੇ ਆਜ਼ਾਦੀ ਦੇ ਚਾਹਵਾਨਾਂ ਨੂੰ ਆਪਣੀ ਵਲੋਂ ਕੁਚਲ ਕੇ ਰਖ ਦਿਤਾ ਸੀ, ਪਰ ਜਵਾਹਰ ਲਾਲ ਦੀ ਇਕੋ ਗਰਜ ਨੇ ਸਾਰੇ ਮੁਲਕ ਵਿਚ ਉਹ ਤਾਕਤ ਪੈਦਾ ਕਰ ਦਿਤੀ, ਕਿ ਵੀਹ ਵੀਹ ਸਾਲ ਦੇ ਪੁਰਾਣੇ ਰਾਜਸੀ ਕੈਦੀ ਤੇ ਆਜ਼ਾਦ ਹਿੰਦ ਫ਼ੌਜ ਦੇ ਉਨ੍ਹਾਂ ਅਫ਼ਸਰਾਂ ਤੇ ਸਿਪਾਹੀਆਂ ਨੂੰ ਹਕੂਮਤ ਰਿਹਾ ਕਰਨ ਲਈ ਮਜਬੂਰ ਹੋ ਗਈ, ਜਿਨ੍ਹਾਂ ਹਥਿਆਰ ਬੰਦ ਹੋਕੇ ਅੰਗਰੇਜ਼ੀ ਫ਼ੌਜਾਂ ਨਾਲ ਬਰ੍ਹਮਾ ਵਿਚ ਟਕਰ ਲਈ ਸੀ। ਮੁਲਕ ਦੀ ਇਸ ਜਿਤ ਦਾ ਸਿਹਰਾ ਸਾਡੇ ਕੌਮੀ ਹੀਰੋ ਜਵਾਹਰ ਲਾਲ ਦੇ ਸਿਰ ਹੈ।

ਗਾਂਧੀ ਜੀ ਹਿੰਦੁਸਤਾਨ ਦੀ ਸਮੁਚੀ ਸ਼ਖ਼ਸੀਅਤ ਹੈ, ਤਾਂ ਜਵਾਹਰ ਲਾਲ ਉਸਦਾ ਧੜਕਦਾ ਦਿਲ ਹੈ। ਉਹ ਹਿੰਦੁਸਤਾਨ ਦੀ ਆਜ਼ਾਦੀ ਲਈ ਲੜ ਰਿਹਾ ਹੈ, ਪਰ ਨਾਲ ਹੀ ਉਹ ਦੁਨੀਆਂ ਭਰ ਦੀਆਂ ਗ਼ੁਲਾਮ ਕੌਮਾਂ ਤੇ ਦੇਸ਼ਾਂ ਦੀ ਆਜ਼ਾਦੀ ਦਾ ਵੀ ਚਾਹਵਾਨ ਹੈ।

ਹਿੰਦੁਸਤਾਨ ਵਿਚ ਕੋਈ ਹੋਰ ਲੀਡਰ ਉਸ ਵਰਗਾ ਦੁਨੀਆਂ ਦੇ ਮਸਲਿਆਂ ਨੂੰ ਸਮਝਣ ਦੀ ਅਹਿਮੀਅਤ ਨਹੀਂ ਰਖਦਾ :—

"ਇੰਗਲੈਂਡ ਨੂੰ ਚੰਗੀ ਤਰ੍ਹਾਂ ਸਮਝਣ ਲਈ ਪਹਿਲਾਂ ਸਾਨੂੰ ਬਰਤਾਨਵੀ ਹਕੂਮਤ ਨੂੰ ਸਮਝਣਾ ਚਾਹੀਦਾ ਹੈ – ਹਕੂਮਤ ਨੂੰ ਸਮਝਣ ਲਈ ਹਿੰਦੁਸਤਾਨ ਨੂੰ ਮੁਕੰਮਲ ਤੌਰ ਤੇ ਜਾਣਨ ਦੀ ਲੋੜ ਹੈ, ਤੇ ਹਿੰਦੁਸਤਾਨ ਤੋਂ ਪੂਰੇ ਵਾਕਫ਼ ਹੋਣ ਲਈ ਜਵਾਹਰ ਲਾਲ ਤੇ ਦਨੀਆਂ ਸਬੰਧੀ ਉਸਦਾ ਨੁਕਤਾ ਨਿਗਾਹ ਜਾਣਦਾ ਜ਼ਰੂਰੀ ਹੈ।"

ਅਜ "ਜਵਾਹਰ ਲਾਲ ਕਾਂਗਰਸ ਤੇ ਕਾਂਗਰਸ ਜਵਾਹਰ ਲਾਲ ਹੈ।" ਤਿੰਨ ਵਾਰ ਉਹ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ, ਤੇ ਹਰ ਵਾਰ ਉਸਦੀ ਅਗਵਾਈ ਦਾ ਭਾਗ ਪ੍ਰਸੰਸਾ ਯੋਗ ਤੇ ਅਗਾਂਹ-ਵਧੂ ਹੈ। ੧੯੩੫ ਤੇ ੧੯੪੬ ਦੀਆਂ ਚੋਣਾਂ ਵਿਚ ਉਸ ਦੇ ਤੂਫ਼ਾਨੀ ਦੌਰਿਆਂ ਨੇ ਮੁਲਕ ਦੀ ਕਾਇਆਂ ਹੀ ਬਦਲ ਦਿਤੀ ਹੈ। ਉਹ ਗਾਂਧੀ ਜੀ ਦਾ ਜਾਂ-ਨਸ਼ੀਨ ਕਿਹਾ ਜਾਂਦਾ ਹੈ ਪਰ ਗਾਂਧੀ ਜੀ ਉਸਨੂੰ ਕੌਮਾਂਤ੍ਰੀ ਪਾਲਿਟਿਕਸ ਵਿਚ ਆਪਣਾ ਗੁਰੂ ਮੰਨਦੇ ਹਨ।

ਇਹੋ ਜਿਹੀ ਸ਼ਖ਼ਸੀਅਤ ਨੂੰ ਮੁਕੰਮਲ ਤੌਰ ਤੇ ਬਿਆਨ ਕਰਨਾ ਬੜਾ ਮੁਸ਼-ਕਲ ਹੈ,ਪਰ ਫਿਰ ਵੀ ਇਸ ਕਿਤਾਬ ਵਿਚ ਉਸਦੇ ਰਾਜਸੀ ਜੀਵਨ ਪੁਰ ਕਾਫ਼ੀ ਰੋਸ਼ਨੀ ਪਾਈ ਗਈ ਹੈ। ਹਿੰਦੁਸਤਾਨੀ ਤੇ ਕੌਮਾਂਤ੍ਰੀ ਪਾਲਿਟਿਕਸ ਪੁਰ ਪੰਜਾਬੀ ਵਿਚ ਲਿਖੀਆਂ ਪੁਸਤਕਾਂ ਦੀ ਬੜੀ ਕੰਮੀ ਹੈ, ਜਿਸ ਲਈ ਲੇਖਕ ਦੀ ਮਿਹਨਤ ਪ੍ਰਸੰਸਾ ਯੋਗ ਹੈ। ਆਸ ਹੈ ਕਿ ਪਾਠਕ ਲੇਖਕ ਦੇ ਇਸ ਯਤਨ ਦੀ ਪੂਰੀ ਤਰ੍ਹਾਂ ਕਦਰ ਕਰਨਗੇ।

ਨਿਸਬਤ ਰੋਡ,
ਲਾਹੌਰ

ਪਿਆਰਾ ਸਿੰਘ "ਦਾਤਾ"

# ੧.

# ਨਹਿਰੂ ਖ਼ਾਨਦਾਨ

ਇਹੋ ਜਹੇ ਮਹਾਂ ਪੁਰਸ਼ ਵੀ, ਜਿਹੜੇ ਝੌਂਪੜਿਆਂ ਵਿਚ ਜਨਮ ਕੇ ਮਹੱਲਾਂ ਦੇ ਮਾਲਕ ਬਣੇ, ਜਨਤਾ ਦੀ ਪ੍ਰਸੰਸਾ ਦੇ ਪਾਤਰ ਬਣਦੇ ਆਏ ਹਨ। ਉਹਨਾਂ ਦੀ ਹਿੰਮਤ ਨੂੰ ਜਨਤਾ ਸ਼ਲਾਘਾ ਤੇ ਹੈਰਾਨੀ ਨਾਲ ਵੇਖਦੀ ਹੈ, ਜਿਹਨਾਂ ਦੇ ਮਾਪਿਆਂ ਨੇ ਉਹਨਾਂ ਨੂੰ ਉਦੋਂ ਜਨਮ ਦਿਤਾ, ਜਦੋਂ ਉਹ 'ਤਾਂਬੇ' ਦੇ ਪੈਸੇ ਨੂੰ ਤਰਸਿਆ ਕਰਦੇ ਸਨ, ਪਰ ਉਹ ਆਪਣੀ ਹਿੰਮਤ ਨਾਲ ਸੋਨੇ ਤੇ ਹੀਰਿਆਂ ਦੇ ਢੇਰ ਲਾਣ ਵਿਚ ਸਫਲ ਹੋ ਗਏ। ਜਿਸ ਸ਼ਖ਼ਸੀਅਤ ਦਾ ਜ਼ਿਕਰ ਅਗਲੇ ਸਫ਼ਿਆਂ ਤੇ ਕੀਤਾ ਜਾ ਰਿਹਾ ਹੈ

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.